27

# ਮਸੀਹ ਦਾ ਲਹੂ

## ਅਫ਼ਸੀਆਂ 1:7-12

*''ਜਿਹ ਦੇ ਵਿਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ'' (ਅਫ਼ਸੀਆਂ 1:7)*।

ਯਿਸੂ ਦੇ ਬੇਸ਼ਕੀਮਤੀ ਲਹੂ ਤੇ ਖ਼ਾਸ ਤੌਰ ਤੇ ਵਿਚਾਰ ਕਰਨ ਤੇ, ''ਪਵਿੱਤਰ ਖਾਮੋਸ਼ੀਆਂ'' ਦਾ ਸਾਡੇ ਦਿਲਾਂ ਤੇ ਛਾ ਜਾਂਦੀ ਹੈ ਕਿਉਂਕਿ ਸਾਨੂੰ ਪਤਾ ਹੈ ਕਿ ਅਸੀ ਬਾਈਬਲ ਦੇ ''ਅਤਿ ਪਵਿੱਤਰ ਅਸਥਾਨ'' ਵਿਚ ਪ੍ਰਵੇਸ਼ ਕਰ ਰਹੇ ਹਾਂ।

ਬਾਈਬਲ ਦਾ ਸ਼ਿੰਗਾਰ ਯਿਸੂ ਦਾ ਲਹੂ ਹੀ ਹੈ! ਤਾਂ ਵੀ ਅੱਜ ਲੋਕ ਉਹਦੇ ਲਹੂ ਤੋਂ ਭੈਭੀਤ ਹੋ ਜਾਂਦੇ ਹਨ। ਕਈ ਤਾਂ ਦਾਅਵਾ ਕਰਦੇ ਹਨ ਕਿ ਮਸੀਹ ਦੀ ਮਸੀਹੀਅਤ ਨੂੰ ਕਿਵੇਂ ਪ੍ਰਤੀਕਾਂ ਦੀ ਲੋੜ ਹੈ। ਅਜਿਹਾ ਖਿਆਲ ਖ਼ੁਦਾ ਦੀ ਸਮਝ ਅਤੇ ਸੁਝਾਅ ਤੇ ਇਤਰਾਜ਼ ਕਰਦਾ ਹੈ। ਕਿਉਂਕਿ ਖ਼ੁਦਾ ਨੇ ਹੀ ਸਾਡੀ ਮੁਕਤੀ ਦੇ ਵਸੀਲੇ ਦੇ ਤੌਰ ਤੇ ਆਪਣੇ ਪੁੱਤਰ ਯਿਸੂ ਦਾ ਲਹੂ ਚੁਣਿਆ ਸੀ। ਉਹਨੇ ਆਪਣੇ ਲੇਲੇ ਨੂੰ ਪੂਰੇ ਇਤਿਹਾਸ ਦਾ ਕੇਂਦਰ ਬਣਾਇਆ (ਪ੍ਰਕਾਸ਼ ਦੀ ਪੋਥੀ 13:8)। ਸਲੀਬ ਉਹ ਥਾਂ ਹੈ ਜਿੱਥੇ ਅਸੀਂ ਵੇਖਦੇ ਹਾਂ ਸਾਡੇ ਪਾਪ ਨੇ ਖ਼ੁਦਾ ਨੂੰ ਸਭ ਤੋਂ ਵੱਧ ਦੁੱਖੀ ਕੀਤਾ, ਇਹੀ ਉਹੀ ਥਾਂ ਹੈ ਜਿੱਥੇ ਅਸੀਂ ਵੇਖਦੇ ਹਾਂ ਕਿ ਖ਼ੁਦਾ ਨੇ ਸਾਡੇ ਨਾਲ ਕਿੰਨਾ ਜਿਆਦਾ ਪਿਆਰ ਕੀਤਾ (ਯੂਹੰਨਾ 3:16)। ਸੁਰਗ ਦੀ ਥਿਓਲੋਜੀ ਮਸੀਹ-ਕੇਂਦਰਤ ਅਤੇ ਲਹੂ-ਕੇਂਦਰਤ ਹੈ।

### ਪਾਪ ਦਾ ਕੇਂਦਰ

ਪੂਰੀ ਬਾਈਬਲ ਵਿਚ ਹੋਰ ਕੋਈ ਕਿਤਾਬ ਆਧੁਨਿਕ ਸੋਚ ਨਾਲ ਐਨੀ ਜ਼ਬਰਦਸਤ ਨਹੀਂ ਲੜਦੀ ਜਿੰਨੀ ਕਿ ਲੇਵੀਆਂ ਦੀ ਪੋਥੀ। ਅਸੀਂ ਹੈਰਾਨ ਹੁੰਦੇ ਹਾਂ ਕਿ ''ਇਹ ਕਿਤਾਬ ਬਾਈਬਲ ਵਿਚ ਕਿਵੇਂ ਆ ਗਈ?'' ਬਾਈਬਲ ਨੂੰ ਪੜ੍ਹਦਿਆਂ ਅਸੀਂ ਅਕਸਰ ਇਸ ਕਿਤਾਬ ਨੂੰ ਛੱਡ ਜਾਂਦੇ ਹਾਂ। ਇਹੀ ਉਹ ਥਾਂ ਹੈ ਜਿੱਥੇ ਖ਼ੁਦਾ ਨੇ ਮੂਸਾ ਦੀ ਸ਼ਰ੍ਹਾ ਦੇ ਕੁਰਬਾਨੀ ਦੇ ਪ੍ਰਬੰਧ ਦਾ ਵੇਰਵਾ ਦਿੱਤਾ ਹੈ। ਇਸ ਵਿਚ ਯਾਜਕਾਂ, ਕੁਰਬਾਨੀਆਂ ਅਤੇ ਖ਼ੂਨ ਦੀ ਭਰਮਾਰ ਹੈ। ਸ਼ਰ੍ਹਾ ਦੀ ਇਸ ਕਿਤਾਬ ਵਿਚ ਖ਼ੁਦਾ ਪਾਪ ਦੀ ਬੇਹੱਦ ਪਾਪਪੁਣੇ ਬਾਰੇ ਦੱਸ ਰਿਹਾ ਸੀ (ਰੋਮੀਆਂ 7:13)। ਇਸ ਤੋਂ ਭਾਵ ਇਹ ਹੈ ਕਿ ਖ਼ੁਦਾ ਅਤੇ ਪਾਪ ਰਲ ਨਹੀਂ ਸਕਦੇ।

ਪਾਪ ਖ਼ੁਦਾ ਦਾ ਵਿਰੋਧ ਕਰਦਾ ਹੈ। ਇਹਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਹਰ ਪਾਪ ਅਤੇ ਪਸ਼ਚਾਤਾਪ ਹੀਨ ਪਾਪੀ ਨੂੰ ਸਜ਼ਾ ਮਿਲੇਗੀ। ਪਾਪ ਨੂੰ ਖ਼ੁਦਾ ਦੇ ਹੁਕਮ ਨਾਲ ਵੀ

ਬਖ਼ਸ਼ਿਆ ਨਹੀਂ ਜਾ ਸਕਦਾ, ਕਿਉਂਕਿ ਖ਼ੁਦਾ ਦੀ ਧਾਰਮਿਕਤਾ ਇਹ ਨੂੰ ਰੋਕਦੀ ਹੈ।

ਪਾਪ ਦਾ ਡੰਗ ਹੀ ਮੌਤ ਦਾ ਡੰਗ ਹੈ (1 ਕੁਰਿੰਥੀਆਂ 15:56)। ਪਾਪ ਦੀ ਮਾਫ਼ੀ ਸਿਰਫ਼ ਲਹੂ ਵਹਾਏ ਜਾਣ ਦੇ ਨਾਲ ਹੀ ਹੋ ਸਕਦੀ ਹੈ। ਸ਼ਰ੍ਹਾ ਦੇ ਅਧੀਨ ਪਾਪ ਦੀ ਮਾਫ਼ੀ ਲਈ ਜਾਨਵਰਾਂ ਦੀ ਕੁਰਬਾਨੀ ਜ਼ਰੂਰੀ ਸੀ (ਇਬਰਾਨੀਆਂ 9:22)। ਸ਼ਰ੍ਹਾ ਸਾਨੂੰ ਮਸੀਹ ਭਾਵ ਪਾਪ ਦੀ ਅੰਤਿਮ ਅਤੇ ਮੁਕੰਮਲ ਕੁਰਬਾਨੀ ਤਕ ਪੁਚਾਉਣ ਲਈ ਸਾਡੀ ਉਸਤਾਦ ਹੈ (ਗਲਾਤੀਆਂ 3:22-29; ਵੇਖੋ ਰੋਮੀਆਂ 15:4; 1 ਕੁਰਿੰਥੀਆਂ 10:11)।

ਕੁਰਬਾਨੀ ਦਾ ਮੂਸਾ ਰਾਹੀਂ ਦਿੱਤਾ ਪੁਰਾਣਾ ਪ੍ਰਬੰਧ ਜਿਸ ਵਿਚ ਬਲਦਾਂ ਅਤੇ ਬੱਕਰਿਆਂ ਦਾ ਲਹੂ ਚੜ੍ਹਾਇਆ ਜਾਂਦਾ ਸੀ, ਪਾਪ ਨੂੰ ਚੁੱਕ ਨਹੀਂ ਸਕਿਆ (ਇਬਰਾਨੀਆਂ 10:4)। ਇਹਦੇ ਇਲਾਵਾ ਮਨੁੱਖ ਸ਼ਰ੍ਹਾ ਨੂੰ ਅੱਖਰ-ਅੱਖਰ ਪੂਰਾ ਨਹੀਂ ਕਰ ਸਕਦਾ ਸੀ (ਰਸੂਲਾਂ ਦੇ ਕੰਮ 15:8-11) ਅਤੇ ਮਨੁੱਖ ਦਾ ਲਹੂ ਵੀ ਮਨੁੱਖ ਦੇ ਦੋਸ਼ ਲਈ ਪ੍ਰਾਸਚਿਤ ਨਹੀਂ ਹੋ ਸਕਦਾ ਸੀ। ਮਨੁੱਖ ਆਪਣੇ ਲਈ ਜੋ ਕੁਝ ਆਪ ਨਹੀਂ ਕਰ ਸਕਦਾ ਸੀ, ਉਹ ਖ਼ੁਦਾ ਨੇ ਉਹਦੇ ਲਈ ਕਰ ਦਿੱਤਾ।[1] ਬਾਈਬਲ ਨੂੰ ਧਿਆਨ ਨਾਲ ਪੜ੍ਹਨ ਵਾਲਾ ਕੋਈ ਬੰਦਾ ਇਸ ਸੱਚਾਈ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ ਕਿ ਸਾਡੇ ਲਈ ਯਿਸੂ ਦਾ ਲਹੂ ਵਹਾਇਆ ਜਾਣਾ ਮਸੀਹੀਅਤ ਦੀ ਬੁਨਿਆਦ ਹੈ। ਪਵਿੱਤਰ ਆਤਮਾ ਦੀ ਗਵਾਹੀ ਹੈ ਕਿ ਯਿਸੂ ਦੇ ਲਹੂ ਨੇ ''ਸੁਰਗ ਵਿਚ ਬਲੱਡ ਬੈਂਕ'' ਖੋਲ੍ਹ ਦਿੱਤਾ ਹੈ ਜਿਸ ਵਿਚ ਖ਼ੂਨ ਦੀ ਘਾਟ ਕਦੇ ਨਹੀਂ ਹੁੰਦੀ। ਪੌਲੁਸ ਨੇ ਕਿਹਾ ਕਿ ਯਿਸੂ ਲਿਖਤ ਮੁਤਾਬਕ ਸਾਡੇ ਪਾਪਾਂ ਲਈ ਮਾਰਿਆ (1 ਕੁਰਿੰਥੀਆਂ 15:1-4)।

ਯਿਸੂ ਦਾ ਸਿੱਧ ਲਹੂ ਸਾਨੂੰ ਮਿਲਾਉਂਦਾ ਹੈ (2 ਕੁਰਿੰਥੀਆਂ 5:14-21), ਸਾਨੂੰ ਧੋਂਦਾ ਹੈ (ਪ੍ਰਕਾਸ਼ ਦੀ ਪੋਥੀ 1:5; 7:14), ਸਾਨੂੰ ਛੁਡਾਉਂਦਾ ਹੈ (ਅਫ਼ਸੀਆਂ 1:7; 1 ਪਤਰਸ 1:18, 19), ਸਾਨੂੰ ਸ਼ੁੱਧ ਕਰਦਾ ਹੈ (1 ਯੂਹੰਨਾ 1:7), ਸਾਨੂੰ ਧਰਮੀ ਠਹਿਰਾਉਂਦਾ ਹੈ (ਰੋਮੀਆਂ 5:8, 9), ਸਾਨੂੰ ਪਵਿੱਤਰ ਕਰਦਾ ਹੈ (ਇਬਰਾਨੀਆਂ 10:10; 13:12), ਸਾਡੇ ਲਈ ਪ੍ਰਾਸਚਿਤ ਕਰਦਾ ਹੈ (1 ਯੂਹੰਨਾ 2:2), ਸਾਨੂੰ ਸ਼ਾਂਤੀ ਦਿੰਦਾ ਹੈ (ਅਫ਼ਸੀਆਂ 2:13-16; ਕੁਲੁੱਸੀਆਂ 1:20) ਅਤੇ ਸਾਨੂੰ ਸ਼ੈਤਾਨ ਨੂੰ ਜਿੱਤਣ ਦੇ ਕਾਬਲ ਬਣਾਉਂਦਾ ਹੈ (ਪ੍ਰਕਾਸ਼ ਦੀ ਪੋਥੀ 12:11)। ਸਾਡੇ ਪਾਪਾਂ ਦਾ ਅਮਲ, ਇਤਿਹਾਸਕ, ਪੂਰੀ ਅਤੇ ਆਖ਼ਰੀ ਅਦਾਇਗੀ ਮਸੀਹ ਦਾ ਲਹੂ ਹੈ। ਯੂਹੰਨਾ ਨਾਲ ਅਸੀਂ ਆਖਦੇ ਹਾਂ, ''ਵੇਖੋ ਪ੍ਰਮੇਸ਼ਵਰ ਦਾ ਲੇਲਾ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ!'' (ਯੂਹੰਨਾ 1:29, 36)।

## ਉਹਦੇ ਲਹੂ ਦੀ ਸ਼ਕਤੀ

ਅਸੀਂ ਉਹਦੇ ਲਹੂ ਦੀ ਸ਼ਕਤੀ ਦਾ ਸਬੰਧ ਨਵੇਂ ਨੇਮ ਨਾਲ ਵੇਖਦੇ ਹਾਂ (ਜਾਂ ਨਵੇਂ ਅਹਿਦਨਾਮੇ ਨਾਲ; ਮੱਤੀ 26:26-28; 1 ਕੁਰਿੰਥੀਆਂ 11:25, 26; ਇਬਰਾਨੀਆਂ 13:20)। ਨਵੇਂ ਨੇਮ ਦੀ ਹਰ ਗੱਲ ਮਸੀਹ ਦੇ ਲਹੂ ਨਾਲ ਗੜੁੱਚ ਹੈ। ਜਦ ਵਚਨ ਨੂੰ ਪੜ੍ਹ ਕੇ ਤੁਹਾਨੂੰ ਮਸੀਹ ਨਾ ਮਿਲੇ ਤਾਂ ਇਹਦਾ ਮਤਲਬ ਹੈ ਕਿ ਤੁਸੀਂ ਉਹਨੂੰ ਗਲਤ ਪੜ੍ਹ ਰਹੇ ਹੋ। ਹਾਬਿਲ ਦਾ ਲਹੂ ਜ਼ਮੀਨ ਦੇ ਵਿੱਚੋਂ ਖ਼ੁਦਾ ਨੂੰ ਪੁਕਾਰ ਰਿਹਾ ਹੈ (ਉਤਪਤ 4:2-12; ਮੱਤੀ 23:35; ਲੂਕਾ 11:51)। ਯਿਸੂ ਦਾ ਲਹੂ ਹਾਬਿਲ ਦੇ ਲਹੂ ਨਾਲੋਂ ਬੇਹਤਰ ਗੱਲਾਂ ਦੱਸਦਾ ਹੈ (ਇਬਰਾਨੀਆਂ 12:24)। ਲਹੂ ਦੀ ''ਸੁਣੋ'' (ਇਬਰਾਨੀਆਂ 9:11-22 )।

*ਅਸੀਂ ਨਵੇਂ ਨੇਮ ਬਣਾਉਣ ਵਿਚ ਉਹਦੇ ਲਹੂ ਦੀ ਸ਼ਕਤੀ ਨੂੰ ਵੇਖਦੇ ਹਾਂ* (ਰਸੂਲਾਂ ਦੇ ਕੰਮ

20:28; ਅਫ਼ਸੀਆਂ 5:25-28)। ਮੂਸਾ ਦੀ ਸ਼ਰ੍ਹਾ ਅਧੀਨ ਕੁਰਬਾਨੀ ਦੇ ਲੱਖਾਂ ਜਾਨਵਰ ਅਤੇ ਪੰਛੀ ਚੜ੍ਹਾ ਦਿੱਤੇ ਗਏ ਪਰ ਮਨੁੱਖ ਦਾ ਪਾਪ ਓਸੇ ਤਰ੍ਹਾਂ ਬਣਿਆ ਰਹਿੰਦਾ ਸੀ। ਤੁਹਾਨੂੰ ਖੁਸ਼ੀ ਨਹੀਂ ਹੈ ਕਿ ਅੱਜ ਅਸੀਂ ਅਜਿਹੇ ਪ੍ਰਬੰਧ ਦੇ ਅਧੀਨ ਨਹੀਂ ਹਾਂ? ਜਾਨਵਰ ਦਾ ਲਹੂ ਇਕ ਸਾਲ ਦੇ ਲਈ ਪਾਪਾਂ ਨੂੰ ਅੱਗੇ ਪਾ ਕੇ ਕੁਝ ਸਮਾਂ ਖਰੀਦ ਨਹੀਂ ਸਕਦਾ ਸੀ। ਮਸੀਹ ਦੇ ਲਹੂ ਨੇ ਇਕ ਜਲਾਲੀ ਚੀਜ਼ ਭਾਵ ਕਲੀਸੀਆ ਨੂੰ ਖਰੀਦਿਆ।

ਪੁਰਾਣਾ ਨੇਮ ਆਖਦਾ ਹੈ ਕਿ ਜਾਨ ਲਹੂ ਵਿਚ ਹੈ (ਲੇਵੀਆਂ 17:11, 14)। ਯਿਸੂ ਨੇ ਸਾਨੂੰ ਸਾਡੇ ਪਾਪਾਂ ਤੋਂ ਛੁਡਾਉਣ ਦੇ ਲਈ ਆਪਣਾ ਲਹੂ ਦੇ ਦਿੱਤਾ (ਪ੍ਰਕਾਸ਼ ਦੀ ਪੋਥੀ 1:5)। ਉਹ ਧਰਤੀ 'ਤੇ ਸਾਡੇ ਲਈ ਮਾਰਿਆ ਤਾਂ ਜੋ ਅਸੀਂ ਉਹਦੇ ਨਾਲ ਹਮੇਸ਼ਾ ਦੇ ਲਈ ਜ਼ਿੰਦਾ ਰਹਿ ਸਕੀਏ (1 ਥੱਸਲੁਨੀਕੀਆਂ 5:10)।

ਕਿਸੇ ਚੀਜ਼ ਦੀ ਕੀਮਤ ਉਹਦੀ ਅਹਿਮੀਅਤ ਦੇ ਨਾਲ ਪੈਂਦੀ ਹੈ। ਯਿਸੂ ਨੇ ਆਪਣੀ ਕਲੀਸੀਆਂ ਨੂੰ ਐਨਾ ਅਹਿਮ ਮੰਨਿਆ ਕਿ ਉਹ ਇਹਨੂੰ ਆਪਣੇ ਲਹੂ ਨਾਲ ਮੁੱਲ ਲੈਣ ਲਈ ਤਿਆਰ ਹੋ ਗਿਆ (ਵੇਖੋ ਰਸੂਲਾਂ ਦੇ ਕੰਮ 20:28)। ਆਪਣੀਆਂ ਸਭ ਕਮੀਆਂ ਦੇ ਬਾਵਜੂਦ ਸਥਾਨਕ ਕਲੀਸੀਆ ਅਜੇ ਵੀ ਧਰਤੀ 'ਤੇ ਸਭ ਤੋਂ ਸ਼ਕਤੀਸ਼ਾਲੀ ਜਮਾਤ ਹੈ। ਕਲੀਸੀਆ ਨੂੰ ਘੱਟ ਕਰਨ ਦਾ ਮਤਲਬ ਲਹੂ ਦਾ ਬਦਨਾਮ ਕਰਨਾ ਹੈ।

*ਅਸੀਂ ਨਵੇਂ ਨੇਮ ਦੇ ਭੋਜ ਵਿਚ ਉਹਦੇ ਲਹੂ ਦੀ ਸ਼ਕਤੀ ਨੂੰ ਵੇਖਦੇ ਹਾਂ* (ਰਸੂਲਾਂ ਦੇ ਕੰਮ 2:42; 1 ਕੁਰਿੰਥੀਆਂ 10:16-21; 11:24-30)। ਇੱਕੋ ਰਾਹ, ਇੱਕੋ ਦੇਹ (ਕਲੀਸੀਆ), ਇੱਕੋ ਰੋਟੀ, ਇੱਕੋ ਲਹੂ, ਇੱਕੋ ਭੋਜ ਅਤੇ ਇੱਕੋ ਜ਼ਿੰਦਗੀ ਹੈ। ਲਹੂ ਸਲੀਬ ਦਾ ਫਲ ਅਤੇ ਅਸੀਮ ਸ਼ਕਤੀ ਹੈ। ਪ੍ਰਭੂ ਦਾ ਭੋਜ ਉਹਦੇ ਆਉਣ ਤਕ ਮਸੀਹ ਦੀ ਮੌਤ ਦਾ ਪ੍ਰਚਾਰ ਕਰਦਾ ਹੈ (1 ਕੁਰਿੰਥੀਆਂ 11:26)।

ਅਸੀਂ ਗ੍ਰੇਟ ਕਮਿਸ਼ਨ ਦੇ ਬਪਤਿਸਮੇ ਵਿਚ ਲਹੂ ਦੀ ਸ਼ਕਤੀ ਵੇਖਦੇ ਹਾਂ (ਰੋਮੀਆਂ 6:1-5; ਗਲਾਤੀਆਂ 3:26, 27; ਕੁਲੁੱਸੀਆਂ 2:12)। ਯੂਹੰਨਾ ਨੇ ਕਿਹਾ ਹੈ ਕਿ ਆਤਮਾ, ਪਾਣੀ ਅਤੇ ਲਹੂ ਤਿੰਨ ਹਨ ਜੋ ਧਰਤੀ ਤੇ ਗਵਾਹੀ ਦਿੰਦੇ ਹਨ (1 ਯੂਹੰਨਾ 5:3-8)। ਬਪਤਿਸਮੇ ਵਿਚ ਪਾਪੀਆਂ ਨੂੰ ਸਲੀਬ ਦੇ ਮਸੀਹ ਨਾਲ ਪਹਿਨਾਇਆ ਜਾਂਦਾ ਹੈ। ਉਹਦਾ ਲਹੂ ਹੀ ਹੈ ਜੋ ਸੁਰਗ ਵਿਚ ਪ੍ਰਵੇਸ਼ ਦਾ ਹੱਕ ਦਵਾਉਂਦਾ ਹੈ।

ਸੰਸਾਰ ਬਗੈਰ ਲਹੂ ਦੇ, ਬਗੈਰ ਬਾਈਬਲ ਦੇ, ਬਗੈਰ ਕਲੀਸੀਆ ਦੇ, ਬਗੈਰ ਪ੍ਰਭੂ ਭੋਜ ਦੇ, ਅਤੇ ਬਗੈਰ ਬਪਤਿਸਮੇ ਦੇ, ਮੁਕਤੀ ਚਾਹੁੰਦਾ ਹੈ। ਇਹ ਖ਼ੁਦਾ ਦੀ ਯੋਜਨਾ ਨਹੀਂ ਹੈ! ਸਾਡੀ ਮੁਕਤੀ ਯਿਸੂ ਦੇ ਲਹੂ ਦੇ ਰਾਹੀਂ ਹੀ ਹੁੰਦੀ ਹੈ।

*ਸਲੀਬ ...*
*ਹੋਰ ਰਾਹ ਹੀ ਨਹੀਂ!*